# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ।
3. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2011/ 89088-128
ਮਿਤੀ,ਚੰਡੀਗੜ੍ਹ 19-10-2011

ਵਿਸ਼ਾ :- ਰਾਜ ਪੱਧਰੀ ਇੰਸਪਾਇਰ ਐਵਾਰਡ ਪ੍ਰਦਰਸ਼ਨੀ ਮਿਤੀ 15-11-2011 ਤੋਂ 17-11-2011 ਤੱਕ ਸੇਂਟ ਫਰਾਸਿਸ ਸਕੂਲ, ਅੰਮ੍ਰਿਤਸਰ ਵਿਖੇ ਕਰਵਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾ ਰਿਹਾ ਹੈ ਕਿ ਰਾਜ ਪੱਧਰੀ ਇੰਸਪਾਇਰ ਐਵਾਰਡ ਪ੍ਰਦਰਸ਼ਨੀ ਮਿਤੀ 15-11-2011 ਤੋਂ 17-11-2011 ਤੱਕ ਸੇਂਟ ਫਰਾਸਿਸ ਸਕੂਲ, ਅੰਮ੍ਰਿਤਸਰ ਵਿਖੇ ਕਰਵਾਈ ਜਾ ਰਹੀ ਹੈ।

3.0 ਇਸ ਵਿਗਿਆਨ ਪ੍ਰਦਰਸ਼ਨੀ ਵਿੱਚ ਮਿਡਲ ਅਤੇ ਹਾਈ ਵਰਗ ਦੇ ਸਾਰੇ ਜ਼ਿਲ੍ਹਿਆਂ ਦੇ 5% ਵਧੀਆ ਮਾਡਲ ਪ੍ਰਦਰਸ਼ਿਤ ਕਰਨ ਵਾਲੇ ਵਿਦਿਆਰਥੀ ਭਾਗ ਲੈਣਗੇ ਅਤੇ ਇਨ੍ਹਾਂ ਵਿਦਿਆਰਥੀਆਂ ਨਾਲ ਇਨ੍ਹਾਂ ਦੇ ਗਾਈਡ ਅਧਿਆਪਕ ਵੀ ਆਉਣਗੇ। ਪ੍ਰਦਰਸ਼ਨੀ ਦੀ ਸਮਾਂ ਸਾਰਣੀ ਅਨੁਲਗ 'ੳ' ਤੇ ਹੈ।

4.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜ਼ਿਲ੍ਹੇ ਦੇ ਜੇਤੂ ਵਿਦਿਆਰਥੀਆਂ ਅਤੇ ਸਬੰਧਤ ਅਧਿਆਪਕਾਂ ਦੀ ਸੂਚਨਾ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਅੰਮ੍ਰਿਤਸਰ ਨੂੰ ਭੇਜੀ ਜਾਵੇ ਅਤੇ ਇਸੇ ਦੇ ਨਾਲ-ਨਾਲ ਉਹਨਾਂ ਭਾਗ ਲੈਣ ਵਾਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਮਿੱਥੇ ਸ਼ਡਿਊਲ ਅਨੁਸਾਰ ਆਪਣੇ ਮਾਡਲ ਪ੍ਰਦਰਸ਼ਿਤ ਕਰਨ ਲਈ ਸੂਚਿਤ ਕੀਤਾ ਜਾਵੇ। ਟੀਮ ਦੇ ਆਗੂ ਸਬੰਧਤ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਹੋਵੇਗਾ ਅਤੇ ਉਸ ਦਾ ਪ੍ਰਦਰਸ਼ਨੀ ਵਿੱਚ ਭਾਗ ਲੈਣਾ ਲਾਜ਼ਮੀ ਹੋਵੇਗਾ।

5.0 ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਪ੍ਰਦਰਸ਼ਨੀਆਂ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸਫ਼ਰੀ ਭੱਤਾ ਦਿੱਤਾ ਜਾਵੇਗਾ। ਉਹਨਾਂ ਦੀ ਰਿਹਾਇਸ਼ ਅਤੇ ਖਾਣੇ ਦਾ ਪ੍ਰਬੰਧ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਅੰਮ੍ਰਿਤਸਰ ਵੱਲੋਂ ਕੀਤਾ ਜਾਵੇਗਾ। ਇਹਨਾਂ ਖਰਚਿਆਂ ਲਈ ਲੋੜੀਂਦੇ ਫੰਡਜ਼ ਸਟੇਟ ਹੈੱਡ ਆਫ਼ਿਸ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਅੰਮ੍ਰਿਤਸਰ ਨੂੰ ਮੁਹੱਇਆ ਕਰ ਦਿੱਤੇ ਜਾਣਗੇ।

6.0 ਇਹ ਯਕੀਨੀ ਬਣਾਇਆ ਜਾਵੇ ਕਿ ਹਰ ਯੋਗ ਵਿਦਿਆਰਥੀ ਇਸ ਪ੍ਰਦਰਸ਼ਨੀ ਵਿੱਚ ਭਾਗ ਲਵੇ ਅਤੇ ਵਿਦਿਆਰਥੀਆਂ ਦੀ ਮਾਡਲ ਸਮੇਤ ਪੂਰੀ ਤਿਆਰੀ ਹੋਵੇ ਤਾਂ ਜੋ ਯੋਗ ਵਿਦਿਆਰਥੀ, ਨੈਸ਼ਨਲ ਲੈਵਲ ਦੀ ਪ੍ਰਦਰਸ਼ਨੀ ਵਿੱਚ ਭੇਜੇ ਜਾ ਸਕਦੇ ਹਨ।

7.0 ਇੱਥੇ ਇਹ ਵੀ ਦੱਸਣਾ ਉਚਿਤ ਹੋਵੇਗਾ ਕਿ ਉਕਤ ਪ੍ਰਦਰਸ਼ਨੀ ਦੀ ਸਮਾਪਤੀ ਉਪਰੰਤ ਰਾਜ ਪੱਧਰੀ ਇੰਸਪਾਇਰ ਐਵਾਰਡ ਸਮਾਰੋਹ ਮਿਤੀ 17-11-2011 ਨੂੰ ਸੇਂਟ ਫਰਾਂਸਿਸ ਸਕੂਲ, ਅੰਮ੍ਰਿਤਸਰ ਦੇ ਹਾਲ ਵਿਖੇ 12:00 ਵਜੇ ਹੋਵੇਗਾ।

8.0 ਮਿਤੀ 17-11-2011 ਦੇ ਇਨਾਮ ਵੰਡ ਸਮਾਰੋਹ ਦੌਰਾਨ ਇੰਸਪਾਇਰ ਐਵਾਰਡ ਦੇ ਜੇਤੂਆਂ ਦੇ ਨਾਲ-ਨਾਲ ਉਹਨਾਂ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ ਜਿਹਨਾਂ ਨੇ ਪੰਜਵੀਂ ਗਣਿਤ, ਅੱਠਵੀਂ ਗਣਿਤ ਅਤੇ ਸਾਇੰਸ ਦੀ ਰਾਜ ਪੱਧਰੀ ਪ੍ਰਤੀਯੋਗਿਤਾ ਜੋ ਕਿ ਮਿਤੀ (12-02-2011) ਨੂੰ ਹੋਈ ਸੀ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ ਹੈ।

9.0 ਉਕਤ ਅਨੁਸਾਰ ਲੋੜੀਂਦੀ ਕਾਰਵਾਈ ਵੇਲੇ ਸਿਰ ਕਰਨਾ ਯਕੀਨੀ ਬਣਾਇਆ ਜਾਵੇ ਜੀ।

ਨੱਥੀ/ਪ੍ਰਦਸ਼ਨੀਆਂ ਦੀ ਸਮਾਂ ਸਾਰਣੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ

ਅਨੁਲਗ 'ੳ'

ਰਾਜ ਪੱਧਰੀ ਇੰਸਪਾਇਰ ਐਵਾਰਡ ਪ੍ਰਦਰਸ਼ਨੀ 2010-11 ਮਿਤੀ 15-11-2011 ਤੋਂ 17-11-2011 ਤੱਕ

| ਲੜੀ ਨੰ: | ਮਿਤੀ | ਐਕਟੀਵਿਟੀ | ਸਮਾਂ | ਸਥਾਨ |
|---|---|---|---|---|
| 1. | 15-11-2011 | ਰਜਿਸਟ੍ਰੇਸ਼ਨ | ਠੀਕ ਸਵੇਰੇ 8:00 ਵਜੇ ਤੋਂ ਸਵੇਰੇ 10:00 ਵਜੇ ਤੱਕ | ਸੇਂਟ ਫਰਾਸਿਸ ਸਕੂਲ, ਅੰਮ੍ਰਿਤਸਰ |
| 2. | 15-11-2011 | ਮਾਡਲਾਂ ਦੀ ਇੰਸਟਾਲੇਸ਼ਨ | ਠੀਕ 11:30 ਵਜੇ ਤੱਕ | ਉਹੀ |
| 3. | 15-11-2011 | ਪ੍ਰਦਰਸ਼ਨੀਆਂ ਦਾ ਉਦਘਾਟਨ | 11:45 ਵਜੇ | ਉਹੀ |
| 4. | 15-11-2011 | ਜੱਜਮੈਂਟ (ਦੋਵਾਂ ਵਰਗਾਂ) | 11:45 ਵਜੇ ਤੋਂ 1:00 ਵਜੇ ਤੱਕ | ਉਹੀ |
| 5. | 15-11-2011 | ਦੁਪਹਿਰ ਦਾ ਖਾਣਾ | 1:00 ਵਜੇ ਤੋਂ 1:30 ਵਜੇ ਤੱਕ | ਉਹੀ |
| 6. | 15-11-2011 | ਜੱਜਮੈਂਟ (ਦੋਵਾਂ ਵਰਗਾਂ) | 1:30 ਵਜੇ ਤੋਂ 4:30 ਵਜੇ ਤੱਕ | ਉਹੀ |
| 7. | 16-11-2011 | ਜੱਜਮੈਂਟ (ਦੋਵਾਂ ਵਰਗਾਂ) | 8:00 ਵਜੇ 1:00 ਵਜੇ ਤੱਕ | ਉਹੀ |
| 8. | 16-11-2011 | ਦੁਪਹਿਰ ਦਾ ਖਾਣਾ | 1:00 ਵਜੇ ਤੋਂ 1:30 ਵਜੇ ਤੱਕ | ਉਹੀ |
| 9. | 16-11-2011 | ਜੱਜਮੈਂਟ (ਦੋਵਾਂ ਵਰਗਾਂ) | 1:30 ਵਜੇ ਤੋਂ 4:30 ਵਜੇ ਤੱਕ | ਉਹੀ |
| 10. | 17-11-2011 | ਫਾਈਨਲ ਜੱਜਮੈਂਟ | 8:00 ਵਜੇ ਤੋਂ 11:30 ਵਜੇ ਤੱਕ | ਉਹੀ |
| 11. | 17-11-2011 | ਇਨਾਮ ਵੰਡ ਸਮਾਰੋਹ | 12:00 ਵਜੇ ਤੋਂ 1:30 ਵਜੇ ਤੱਕ | ਉਹੀ |
| 12. | 17-11-2011 | ਦੁਪਹਿਰ ਦਾ ਖਾਣਾ | 1:30 ਵਜੇ ਤੋਂ 2:30 ਵਜੇ ਤੱਕ ਅਤੇ ਟੀ.ਏ. ਬਿਲਾਂ ਦੀ ਅਦਾਇਗੀ | ਉਹੀ |

ਨੋਟ :- ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),ਅੰਮ੍ਰਿਤਸਰ (ਫੋਨ ਨੰ: 98155-29371, 94176-00516 ) ਅਤੇ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਅੰਮ੍ਰਿਤਸਰ(ਫੋਨ ਨੰ: **80540-16816)** ਤੇ ਸੰਪਰਕ ਕੀਤਾ ਜਾ ਸਕਦਾ ਹੈ।